ਜੇਕਰ ਤੁਸੀਂ ਆਪਣੀ ਨਿੱਜੀ ਜਾਣਕਾਰੀ ਮੁਹੱਈਆ ਨਾ ਕਰਨ ਦੀ ਚੋਣ ਕਰਦੇ ਹੋ, ਤਾਂ ਅਸੀਂ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਤੋਂ ਬਾਅਦ ਲੋੜੀਂਦੀ ਫਾਲੋ-ਅੱਪ ਦੇਖਭਾਲ ਦਾ ਪ੍ਰਬੰਧ ਨਹੀਂ ਕਰ ਸਕਾਂਗੇ। ਅਸੀਂ ਤੁਹਾਡੇ ਨਾਲ ਭਵਿੱਖ ਦੇ ਖੋਜ ਪ੍ਰੋਜੈਕਟਾਂ ਅਤੇ ਪਹਿਲਕਦਮੀਆਂ ਬਾਰੇ ਸੰਪਰਕ ਕਰਨ ਦੇ ਯੋਗ ਵੀ ਨਹੀਂ ਹੋਵਾਂਗੇ।

## ਅਕਸਰ ਪੁੱਛੇ ਜਾਣ ਵਾਲੇ ਸਵਾਲ

### ਮੇਰਾ ਬੱਚਾ ਉੱਚੀਆਂ ਅਵਾਜ਼ਾਂ ਦਾ ਜਵਾਬ ਦਿੰਦਾ ਹੈ—ਕੀ ਉਹਨਾਂ ਨੂੰ ਅਜੇ ਵੀ ਨਵਜੰਮੇ ਬੱਚੇ ਦੀ ਸੁਣਨ ਸ਼ਕਤੀ ਵਾਲੀ ਜਾਂਚ ਜਾਂ ਆਡੀਓਲਜੀ ਜਾਂਚ ਦੀ ਲੋੜ ਹੈ?

ਸੁਣਨ ਸ਼ਕਤੀ ਦਾ ਘੱਟ ਹੋਣਾ ਸਿਰਫ਼ ਉੱਚੀਆਂ ਆਵਾਜ਼ਾਂ ਸੁਣਨ ਦੀ ਯੋਗਤਾ ਨਾਲੋਂ ਵਧੇਰੇ ਗੁੰਝਲਦਾਰ ਹੈ। ਸੁਣਨ ਸ਼ਕਤੀ ਦੀ ਘਾਟ ਵਾਲੇ ਜ਼ਿਆਦਾਤਰ ਬੱਚੇ ਅਜੇ ਵੀ ਉੱਚੀ ਆਵਾਜ਼ਾਂ 'ਤੇ ਪ੍ਰਤੀਕਿਰਿਆ ਕਰਨਗੇ। ਬੋਲਣ ਅਤੇ ਭਾਸ਼ਾ ਦੇ ਵਿਕਾਸ ਲਈ ਮਹੱਤਵਪੂਰਨ ਧੁਨੀਆਂ ਹੌਲੀ ਆਵਾਜ਼ਾਂ ਹੁੰਦੀਆਂ ਹਨ ਅਤੇ ਇਨ੍ਹਾਂ ਨੂੰ ਮਾਹਿਰ ਸਾਜ਼ੋ-ਸਾਮਾਨ ਤੋਂ ਬਿਨਾਂ ਨਵਜੰਮੇ ਬੱਚਿਆਂ ਵਿੱਚ ਜਾਂਚਣਾ ਮੁਸ਼ਕਿਲ ਹੈ।

### ਕੀ ਨਵਜੰਮੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਸੁਰੱਖਿਅਤ ਹੁੰਦੀ ਹੈ? ਜਾਂਚ ਕਰਵਾਉਣ ਵਿੱਚ ਕੀ-ਕੀ ਜ਼ੋਖਮ ਹੁੰਦੇ ਹਨ?

ਸੁਣਨ ਸ਼ਕਤੀ ਦੀ ਜਾਂਚ ਤੇਜ਼ ਅਤੇ ਸੁਰੱਖਿਅਤ ਹੁੰਦੀ ਹੈ। ਤੁਹਾਡੇ ਬੱਚੇ ਨੂੰ ਕੰਨ ਨਾਲ ਲਗਾਏ ਗਏ ਕਪਲਰ ਹਟਾਉਂਦੇ ਸਮੇਂ ਥੋੜ੍ਹੀ ਜਿਹੀ ਅਸੁਵਿਧਾ ਹੋ ਸਕਦੀ ਹੈ। ਇਸ ਗੱਲ ਦਾ ਇੱਕ ਥੋੜ੍ਹਾ ਜਿਹਾ ਜ਼ੋਖਮ ਹੁੰਦਾ ਹੈ ਕਿ ਹੋ ਸਕਦਾ ਹੈ ਕਿ ਸੁਣਨ ਸ਼ਕਤੀ ਦੀ ਜਾਂਚ ਉਸ ਬੱਚੇ ਦੀ ਪਛਾਣ ਨਾ ਕਰ ਸਕੇ ਜਿਸਦੀ ਸੁਣਨ ਸ਼ਕਤੀ ਦੀ ਹੋਰ ਜਾਂਚ ਕੀਤੇ ਜਾਣ ਦੀ ਲੋੜ ਹੁੰਦੀ ਹੈ।

### ਨਵਜੰਮੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਨਾ ਕਰਵਾਉਣ ਦੇ ਕੀ ਖ਼ਤਰੇ ਹਨ? ਕੀ ਸੁਣਨ ਸ਼ਕਤੀ ਦੀ ਜਾਂਚ ਕਰਵਾਉਣ ਦੇ ਕੋਈ ਹੋਰ ਤਰੀਕੇ ਹਨ?

ਸੁਣਨ ਸ਼ਕਤੀ ਦੀ ਜਾਂਚ ਨਾ ਕਰਵਾਉਣ ਦਾ ਮੁੱਖ ਜ਼ੋਖਮ ਇਹ ਹੈ ਕਿ ਜੇਕਰ ਬੱਚੇ ਦੀ ਸੁਣਨ ਸ਼ਕਤੀ ਘੱਟ ਹੋ ਜਾਂਦੀ ਹੈ ਤਾਂ ਪਤਾ ਲਗਾਉਣ ਵਿੱਚ ਦੇਰੀ ਹੋ ਸਕਦੀ ਹੈ। ਸਮੱਸਿਆ ਦਾ ਛੇਤੀ ਪਤਾ ਲੱਗਣਾ ਛੇਤੀ ਸਹਾਇਤਾ ਕਰਨ ਦੀ ਆਗਿਆ ਦਿੰਦਾ ਹੈ ਜੋ ਸੁਣਨ ਸ਼ਕਤੀ ਦੀ ਘਾਟ ਵਾਲੇ ਬੱਚਿਆਂ ਨੂੰ ਸੰਚਾਰ ਹੁਨਰ ਵਿਕਸਿਤ ਕਰਨ ਦਾ ਸਭ ਤੋਂ ਵਧੀਆ ਮੌਕਾ ਪ੍ਰਦਾਨ ਕਰਦਾ ਹੈ। ਨਵਜੰਮੇ ਬੱਚਿਆਂ ਲਈ ਸੁਣਨ ਸ਼ਕਤੀ ਦੀ ਜਾਂਚ ਕਰਨ ਦਾ ਕੋਈ ਹੋਰ ਤਰੀਕਾ ਨਹੀਂ ਹੈ।

## ਸਮੇਂ ਦੇ ਨਾਲ ਸੁਣਨ ਸ਼ਕਤੀ ਬਦਲ ਸਕਦੀ ਹੈ

ਸੁਣਨ ਸ਼ਕਤੀ ਦੀ ਕਮੀ ਸਮੇਂ ਦੇ ਨਾਲ ਵੱਧ ਸਕਦੀ ਹੈ ਇਸ ਲਈ ਤੁਹਾਡੇ ਬੱਚੇ ਦੇ ਵੱਡੇ ਹੋਣ ਦੇ ਨਾਲ-ਨਾਲ ਉਸਦੀ ਸੁਣਨ ਸ਼ਕਤੀ ਵੱਲ ਧਿਆਨ ਦੇਣਾ ਮਹੱਤਵਪੂਰਨ ਹੈ। ਜੇਕਰ ਤੁਹਾਡੇ ਆਪਣੇ ਬੱਚੇ ਦੀ ਸੁਣਨ ਸ਼ਕਤੀ ਬਾਰੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਆਪਣੀ ਜੱਚਾ-ਬੱਚਾ ਸਿਹਤ ਨਰਸ ਜਾਂ ਪਰਿਵਾਰਕ ਡਾਕਟਰ ਨਾਲ ਗੱਲ ਕਰੋ।

## ਕੀ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ?

**VIHSP ਨਾਲ ਸੰਪਰਕ ਕਰੋ**

VIHSP ਕੰਨਾਂ ਦੀ ਸੁਣਨ ਸ਼ਕਤੀ ਦੀ ਜਾਂਚ ਕਰਨ ਵਾਲੇ ਨਾਲ ਗੱਲ ਕਰੋ

VIHSP ਏਰੀਆ ਮੈਨੇਜਰ


**VIHSP ਹੈੱਡ ਆਫ਼ਿਸ**

ਦਾ ਰਾਇਲ ਚਿਲਡਰਨਜ਼ ਹਸਪਤਾਲ ਮੈਲਬੌਰਨ
ਸੈਂਟਰ ਫਾਰ ਕਮਿਊਨਿਟੀ ਚਾਈਲਡ ਹੈਲਥ

50 Flemington Road Parkville
Victoria 3052 Australia
ਟੈਲੀਫ਼ੋਨ +61 3 9345 4941
ਈ-ਮੇਲ email.vihsp@rc.org.au
www.rch.org.au/vihsp



Your baby's hearing screen - Punjabi Stock 323641 RCH230124 June 2023


The Royal Children's Hospital Melbourne

ਵਿਕਟੋਰੀਅਨ ਇਨਫੈਂਟ ਹੀਅਰਿੰਗ ਸਕ੍ਰੀਨਿੰਗ ਪ੍ਰੋਗਰਾਮ

# ਤੁਹਾਡੇ ਬੱਚੇ ਦੀ ਕੰਨਾਂ ਦੀ ਸੁਣਨ ਸ਼ਕਤੀ ਦੀ ਜਾਂਚ



Victorian Infant Hearing Screening Program

# ਤੁਹਾਡੇ ਬੱਚੇ ਦੀ ਕੰਨਾਂ ਦੀ ਸੁਣਨ ਸ਼ਕਤੀ ਦੀ ਜਾਂਚ

## ਨਵਜੰਮੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਮਹੱਤਵਪੂਰਨ ਕਿਉਂ ਹੈ?

ਨਵਜੰਮੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਤੁਹਾਡੇ ਬੱਚੇ ਦੇ ਜਨਮ ਤੋਂ ਬਾਅਦ ਹੋਣ ਵਾਲੀਆਂ ਰੁਟੀਨ ਸਿਹਤ ਜਾਂਚਾਂ ਵਿੱਚੋਂ ਇੱਕ ਹੈ। ਇਹ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਲਈ ਇੱਕ ਮੁਫ਼ਤ ਅਤੇ ਝੱਟਪਟ ਹੋਣ ਵਾਲੀ ਜਾਂਚ ਹੈ। ਇਹ ਵਿਕਟੋਰੀਅਨ ਇਨਫੈਂਟ ਹੀਅਰਿੰਗ ਸਕ੍ਰੀਨਿੰਗ ਪ੍ਰੋਗਰਾਮ (VIHSP) ਦੁਆਰਾ ਕੀਤੀ ਜਾਂਦੀ ਹੈ, ਜੋ ਕਿ ਰਾਇਲ ਚਿਲਡਰਨ ਹਸਪਤਾਲ ਦੁਆਰਾ ਚਲਾਇਆ ਜਾਂਦਾ ਹੈ। ਜੀਵਨ ਦੇ ਪਹਿਲੇ ਕੁੱਝ ਹਫ਼ਤਿਆਂ ਵਿੱਚ ਸ਼ਾਇਦ ਸੁਣਨ ਸ਼ਕਤੀ ਦਾ ਘੱਟ ਹੋਣਾ ਸਪੱਸ਼ਟ ਨਾ ਹੋਵੇ ਅਤੇ ਇਹ ਬੋਲਣ ਸਮਰੱਥਾ ਅਤੇ ਭਾਸ਼ਾ ਦੇ ਵਿਕਾਸ ਨੂੰ ਪ੍ਰਭਾਵਿਤ ਕਰ ਸਕਦੀ ਹੈ। ਜਲਦੀ ਪਤਾ ਲਗਾਉਣ ਦਾ ਮਤਲਬ ਹੈ ਕਿ ਸੁਣਨ ਸ਼ਕਤੀ ਘੱਟ ਹੋਣ ਵਾਲੇ ਬੱਚਿਆਂ ਨੂੰ ਜੀਵਨ ਦੀ ਸ਼ੁਰੂਆਤ ਕਰਨ ਦਾ ਸਭ ਤੋਂ ਵਧੀਆ ਮੌਕਾ ਮਿਲ ਸਕਦਾ ਹੈ।

## ਇੱਕ ਨਵਜੰਮੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਕਿਵੇਂ ਕੀਤੀ ਜਾਂਦੀ ਹੈ?

ਤੁਹਾਡੀ ਸਹਿਮਤੀ ਨਾਲ, ਸੁਣਨ ਸ਼ਕਤੀ ਦੀ ਜਾਂਚ ਕਰਨ ਵਾਲਾ ਤੁਹਾਡੇ ਬੱਚੇ ਦੇ ਮੱਥੇ, ਗੱਲ੍ਹ ਅਤੇ ਗਰਦਨ ਦੇ ਪਿਛਲੇ ਪਾਸੇ ਛੋਟੇ ਸਟਿੱਕ-ਆਨ ਸੈਂਸਰ ਲਗਾਵੇਗਾ। ਸੁਣਨ ਸ਼ਕਤੀ ਦੀ ਜਾਂਚ ਕਰਨ ਵਾਲਾ ਯੰਤਰ ਹਰ ਕੰਨ ਉੱਤੇ ਰੱਖੇ ਕਪਲਰਸ (ਨਰਮ ਈਅਰਕੱਪਾਂ) ਰਾਹੀਂ ਤੁਹਾਡੇ ਬੱਚੇ ਦੇ ਕੰਨਾਂ ਵਿੱਚ ਨਰਮ ਧੁਨੀਆਂ ਚਲਾਏਗਾ। ਇਹ ਸੈਂਸਰ ਧੁਨੀਆਂ ਪ੍ਰਤੀ ਤੁਹਾਡੇ ਬੱਚੇ ਦੀ ਜਵਾਬੀ ਪ੍ਰਤੀਕਿਰਿਆ ਦਾ ਪਤਾ ਲਗਾਉਂਦੇ ਹਨ।

ਇਹ ਸਕ੍ਰੀਨ ਦਰਦ ਰਹਿਤ ਹੁੰਦੀ ਹੈ ਅਤੇ ਆਮ ਤੌਰ 'ਤੇ ਤੁਹਾਡੇ ਬੱਚੇ ਨੂੰ ਬੇਚੈਨ ਨਹੀਂ ਕਰੇਗੀ। ਜੇਕਰ ਤੁਹਾਡਾ ਬੱਚਾ ਸ਼ਾਂਤ ਹੈ ਜਾਂ ਸੁੱਤਾ ਹੋਇਆ ਹੈ ਅਤੇ ਕਮਰਾ ਸ਼ਾਂਤ ਹੈ, ਤਾਂ ਇਸਨੂੰ ਪੂਰਾ ਹੋਣ ਵਿੱਚ ਪੰਜ ਮਿੰਟ ਤੋਂ ਘੱਟ ਸਮਾਂ ਲੱਗਦਾ ਹੈ। ਤੁਸੀਂ ਇਸ ਜਾਂਚ ਦੌਰਾਨ ਆਪਣੇ ਬੱਚੇ ਨੂੰ ਗੋਦੀ ਵਿੱਚ ਰੱਖ ਸਕਦੇ ਹੋ ਜਾਂ ਦੁੱਧ ਚੁੰਘਾ ਸਕਦੇ ਹੋ।

## ਮੇਰੇ ਬੱਚੇ ਦੀ ਨਵਜੰਮੇ ਬੱਚੇ ਵਾਲੀ ਸੁਣਨ ਸ਼ਕਤੀ ਦੀ ਜਾਂਚ ਕਦੋਂ ਹੋਵੇਗੀ?

ਅਸੀਂ ਬੱਚੇ ਦੇ ਜਨਮ ਤੋਂ ਬਾਅਦ ਜਿੰਨੀ ਜਲਦੀ ਸੰਭਵ ਹੋਵੇ ਇਹ ਜਾਂਚ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਜਦੋਂ ਤੱਕ ਕਿ ਉਹ ਸਿਹਤਮੰਦ ਅਤੇ ਸ਼ਾਂਤ ਹੁੰਦਾ ਹੈ। ਜੇਕਰ ਤੁਹਾਡਾ ਬੱਚਾ ਨਿਓਨੇਟਲ ਇੰਟੈਂਸਿਵ ਕੇਅਰ ਯੂਨਿਟ ਜਾਂ ਸਪੈਸ਼ਲ ਕੇਅਰ ਨਰਸਰੀ ਵਿੱਚ ਹੈ, ਜਾਂ 34 ਹਫ਼ਤਿਆਂ ਦੇ ਗਰਭ ਤੋਂ ਪਹਿਲਾਂ ਪੈਦਾ ਹੋਇਆ ਹੈ, ਤਾਂ ਅਸੀਂ ਇਹ ਜਾਂਚ ਕਰਨ ਲਈ ਉਨ੍ਹਾਂ ਦੇ ਸਿਹਤਮੰਦ ਹੋਣ ਜਾਂ ਹਸਪਤਾਲ ਤੋਂ ਘਰ ਜਾਣ ਲਈ ਤਿਆਰ ਹੋਣ ਦੀ ਉਡੀਕ ਕਰਾਂਗੇ।

## ਜੇਕਰ ਮੇਰੇ ਬੱਚੇ ਦੀ ਹਸਪਤਾਲ ਵਿੱਚ ਜਾਂਚ ਨਹੀਂ ਕੀਤੀ ਜਾ ਸਕਦੀ ਤਾਂ ਕੀ ਹੋਵੇਗਾ?

ਕੁੱਝ ਬੱਚੇ ਜੋ ਬੇਚੈਨ ਹੁੰਦੇ ਹਨ ਜਾਂ ਜਿਨ੍ਹਾਂ ਨੂੰ ਜਲਦੀ ਛੁੱਟੀ ਮਿਲ ਜਾਂਦੀ ਹੈ, ਹੋ ਸਕਦਾ ਹੈ ਕਿ ਉਹ ਹਸਪਤਾਲ ਛੱਡਣ ਤੋਂ ਪਹਿਲਾਂ ਆਪਣੇ ਨਵਜੰਮੇ ਬੱਚੇ ਵਾਲੀ ਸੁਣਨ ਸ਼ਕਤੀ ਦੀ ਜਾਂਚ ਨਾ ਕਰਵਾ ਸਕਣ। ਜੇਕਰ ਅਜਿਹਾ ਹੁੰਦਾ ਹੈ, ਤਾਂ ਅਸੀਂ ਬਾਹਰੀ ਮਰੀਜ਼ ਵਜੋਂ ਅਪੋਇੰਟਮੈਂਟ ਦਾ ਪ੍ਰਬੰਧ ਕਰਨ ਲਈ ਤੁਹਾਡੇ ਨਾਲ ਸੰਪਰਕ ਕਰਾਂਗੇ।

## ਮੈਨੂੰ ਸੁਣਨ ਸ਼ਕਤੀ ਦੀ ਜਾਂਚ ਦਾ ਨਤੀਜਾ ਕਿਵੇਂ ਪਤਾ ਲੱਗੇਗਾ?

ਤੁਹਾਨੂੰ ਜਾਂਚ ਪੂਰਾ ਹੋਣ ਤੋਂ ਤੁਰੰਤ ਬਾਅਦ ਨਤੀਜਾ ਦੱਸਿਆ ਜਾਵੇਗਾ। ਇੱਕ *ਪਾਸ* ਨਤੀਜੇ ਦਾ ਮਤਲਬ ਹੈ ਕਿ ਜਾਂਚ ਲਈ ਬੱਚੇ ਵੱਲੋਂ ਇੱਕ ਸਪੱਸ਼ਟ ਜਵਾਬ ਦਿੱਤਾ ਗਿਆ ਸੀ ਅਤੇ ਕੋਈ ਹੋਰ ਜਾਂਚ ਦੀ ਲੋੜ ਨਹੀਂ ਹੈ। ਜੇਕਰ ਬੱਚੇ ਵੱਲੋਂ ਕੋਈ ਸਪੱਸ਼ਟ ਜਵਾਬ ਨਹੀਂ ਹੁੰਦਾ ਹੈ, ਤਾਂ ਨਵਜੰਮੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਨੂੰ ਸੀਮਤ ਗਿਣਤੀ ਵਿੱਚ ਦੁਹਰਾਇਆ ਜਾਵੇਗਾ। ਜੇਕਰ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਆਖ਼ਰੀ ਜਾਂਚ ਸਪੱਸ਼ਟ ਜਵਾਬ ਨਹੀਂ ਦਿਖਾਉਂਦੀ, ਤਾਂ ਉਨ੍ਹਾਂ ਨੂੰ ਵਿਸਤ੍ਰਿਤ ਜਾਂਚ ਲਈ ਇੱਕ ਆਡੀਓਲਜਿਸਟ ਕੋਲ ਭੇਜਿਆ ਜਾਵੇਗਾ। VIHSP ਏਰੀਆ ਮੈਨੇਜਰ ਅਤੇ VIHSP ਸ਼ੁਰੂਆਤੀ ਸਹਾਇਤਾ ਸੇਵਾ ਤੁਹਾਡੇ ਨਾਲ ਇਸ ਰੈਫ਼ਰਲ ਬਾਰੇ ਗੱਲ ਕਰਨ ਲਈ ਸੰਪਰਕ ਕਰਨਗੇ।

ਅਸੀਂ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਦੇ ਨਤੀਜੇ ਨੂੰ ਉਹਨਾਂ ਦੇ '*ਮਾਈ ਹੈਲਥ, ਲਰਨਿੰਗ ਐਂਡ ਡਿਵੈਲਪਮੈਂਟ ਰਿਕਾਰਡ*' (ਗ੍ਰੀਨ ਬੁੱਕ) ਅਤੇ VIHSP ਡੇਟਾਬੇਸ ਵਿੱਚ ਦਰਜ ਕਰਾਂਗੇ।

## ਮੇਰੀ ਅਤੇ ਮੇਰੇ ਬੱਚੇ ਦੀ ਜਾਣਕਾਰੀ ਕਿਵੇਂ ਰਿਕਾਰਡ ਕੀਤੀ ਜਾਂਦੀ ਅਤੇ ਵਰਤੀ ਜਾਂਦੀ ਹੈ?

VIHSP ਡੇਟਾਬੇਸ ਦੀ ਵਰਤੋਂ VIHSP ਦੀ ਨਿਗਰਾਨੀ ਅਤੇ ਮੁਲਾਂਕਣ ਕਰਨ ਅਤੇ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸੇਵਾਵਾਂ ਨਾਲ ਜੋੜਨ ਲਈ ਕੀਤੀ ਜਾਂਦੀ ਹੈ। VIHSP ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਜਾਣਕਾਰੀ ਨੂੰ '*ਸਿਹਤ ਰਿਕਾਰਡ ਕਾਨੂੰਨ 2001' (Health Records Act 2001)* ਦੇ ਸਿਹਤ ਨਿੱਜਤਾ ਦੇ ਨਿਯਮਾਂ ਅਤੇ '*ਨਿੱਜਤਾ ਅਤੇ ਡੇਟਾ ਸੁਰੱਖਿਆ ਕਾਨੂੰਨ 2014' (Privacy and Data Protection Act 2014)* ਦੇ ਜਾਣਕਾਰੀ ਨਿੱਜਤਾ ਨਿਯਮਾਂ ਦੇ ਅਨੁਸਾਰ ਇਕੱਠਾ ਕਰਦਾ ਅਤੇ ਵਰਤਦਾ ਹੈ।

ਇਹ ਕਾਨੂੰਨ ਮੁਲਾਂਕਣ, ਸਿੱਖਿਆ ਅਤੇ ਖੋਜ ਲਈ ਜਾਣਕਾਰੀ ਦੀ ਵਰਤੋਂ ਨੂੰ ਵੀ ਸ਼ਾਮਿਲ ਕਰਦਾ ਹੈ।

VIHSP ਇਕੱਠਾ ਕੀਤੀ ਜਾਣਕਾਰੀ ਨੂੰ ਗੁਪਤ ਰੱਖਣ ਅਤੇ ਅਣ-ਅਧਿਕਾਰਤ ਪਹੁੰਚ, ਵਰਤੋਂ ਜਾਂ ਨੁਕਸਾਨ ਤੋਂ ਸੁਰੱਖਿਅਤ ਰੱਖਣ ਲਈ ਵਚਨਬੱਧ ਹੈ।

ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਬੱਚਾ ਸਹੀ ਸੇਵਾਵਾਂ ਅਤੇ ਇਲਾਜ ਨਾਲ ਜੁੜਿਆ ਹੋਇਆ ਹੈ, ਜਾਣਕਾਰੀ ਜਿਵੇਂ ਕਿ ਜਨਮ ਵੇਰਵੇ, ਸੰਪਰਕ ਵੇਰਵੇ ਅਤੇ ਸਕ੍ਰੀਨਿੰਗ ਜਾਂ ਆਡੀਓਲਜੀ ਦੇ ਨਤੀਜੇ VIHSP ਅਤੇ ਹੋਰ ਪੇਸ਼ੇਵਰਾਂ ਵਿਚਕਾਰ ਸਾਂਝੇ ਕੀਤੇ ਜਾ ਸਕਦੇ ਹਨ, ਜਿਵੇਂ ਕਿ:

- ਆਡੀਓਲਜਿਸਟ
- ਡਾਕਟਰ
- ਜੱਚਾ-ਬੱਚਾ ਸਿਹਤ ਨਰਸਾਂ
- ਸ਼ੁਰੂਆਤੀ ਬਚਪਨ ਦੀਆਂ ਦਖਲਅੰਦਾਜ਼ੀ ਸੇਵਾਵਾਂ
- ਹੋਰ ਸਿਹਤ ਅਤੇ ਸਿੱਖਿਆ ਪੇਸ਼ੇਵਰ।

VIHSP ਤੁਹਾਡੀ ਜਾਣਕਾਰੀ ਦੀ ਵਰਤੋਂ ਮੁਲਾਂਕਣ, ਸਿੱਖਿਆ ਅਤੇ ਖੋਜ ਦੇ ਉਦੇਸ਼ਾਂ ਲਈ ਕਰ ਸਕਦਾ ਹੈ। ਤੁਹਾਡੇ ਨਾਲ ਭਵਿੱਖ ਦੇ ਪ੍ਰੋਜੈਕਟਾਂ ਬਾਰੇ ਸੰਪਰਕ ਕੀਤਾ ਜਾ ਸਕਦਾ ਹੈ। ਉਸ ਸਮੇਂ ਤੁਸੀਂ ਚੁਣ ਸਕਦੇ ਹੋ ਕਿ ਕੀ ਤੁਸੀਂ ਉਨ੍ਹਾਂ ਪ੍ਰੋਜੈਕਟਾਂ ਬਾਰੇ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਜਾਂ ਨਹੀਂ। ਜੇਕਰ ਪ੍ਰੋਜੈਕਟਾਂ ਵਿੱਚ ਖੋਜ ਕਰਨੀ ਸ਼ਾਮਿਲ ਹੁੰਦੀ ਹੈ, ਤਾਂ ਇਹ *ਮਨੁੱਖੀ ਖੋਜ ਵਿੱਚ ਨੈਤਿਕ ਆਚਰਣ ਬਾਰੇ ਰਾਸ਼ਟਰੀ ਬਿਆਨ* ਦੇ ਅਨੁਸਾਰ ਕੀਤੀ ਜਾਂਦੀ ਹੈ।

ਜੇਕਰ ਤੁਸੀਂ ਇਸ ਬਾਰੇ ਹੋਰ ਜਾਣਨਾ ਚਾਹੁੰਦੇ ਹੋ ਕਿ VIHSP ਦੁਆਰਾ ਇਕੱਠੀ ਕੀਤੀ ਗਈ ਜਾਣਕਾਰੀ ਦਾ ਕੀ ਹੁੰਦਾ ਹੈ, ਤਾਂ ਕਿਰਪਾ ਕਰਕੇ VIHSP ਏਰੀਆ ਮੈਨੇਜਰ ਨਾਲ ਗੱਲ ਕਰੋ। ਤੁਸੀਂ 'ਦਾ ਰਾਇਲ ਚਿਲਡਰਨ ਹਸਪਤਾਲ' ਵਿਖੇ ਫ੍ਰੀਡਮ ਆਫ਼ ਇਨਫਰਮੇਸ਼ਨ ਆਫਿਸ (Freedom of Information Office) ਨਾਲ ਸੰਪਰਕ ਕਰਕੇ ਆਪਣੀ ਨਿੱਜੀ ਜਾਣਕਾਰੀ ਤੱਕ ਪਹੁੰਚ ਜਾਂ ਸੋਧ ਕਰ ਸਕਦੇ ਹੋ: **www.rch.org.au/foi**